# ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੀ.ਡੀ.ਏ)

(ਪੁੱਡਾ ਕੰਪਲੈਕਸ, ਅਰਬਨ ਅਸਟੇਟ, ਫੇਜ਼–2, ਪਟਿਆਲਾ )

## ਜਨਤਕ ਨੋਟਿਸ

### ਮੌਜੂਦਾ ਚੱਲ ਰਹੇ ਅਣ–ਅਧਿਕਾਰਤ ਮੈਰਿਜ਼ ਪੈਲੇਸ ਮਾਲਕਾਂ ਦੀ ਜਾਣਕਾਰੀ ਹਿੱਤ

ਮੈਰਿਜ ਪੈਲੇਸ ਮਾਲਕਾਂ ਨੂੰ ਇਸ ਜਨਤਕ ਨੋਟਿਸ ਰਾਹੀ ਸੂਚਿਤ ਕੀਤਾ ਜਾਦਾ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਦੇ ਹੁਕਮਾਂ ਦੀ ਪਾਲਣਾ ਵਿੱਚ ਪੰਜਾਬ ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਨੰ: 12/8/2012–5HGII/5094 ਮਿਤੀ 16.11.2012 (ਮਿਤੀ 07–01–2013,17–11–2015 ਨੂੰ ਸੋਧਿਆ) ਅਤੇ ਪਾਲਿਸੀ ਨੋਟੀਫਿਕੇਸ਼ਨ ਨੰ: 12/8/2012–5HGII/820005/1 ਮਿਤੀ 16.08.2016 ਅਧਿਸੂਚਿਤ ਕੀਤੀ ਹੈ ਜੋ ਪੰਜਾਬ ਵਿਚ ਚੱਲ ਰਹੇ ਅਣ–ਅਧਿਕਾਰਤ ਮੈਰਿਜ ਪੈਲਸਾਂ ਲਈ ਮੁਹੱਈਆ ਕੀਤੀ ਗਈ ਹੈ । ਇਸ ਲਈ ਪਟਿਆਲਾ ਡਿਵੈਲਪਮੈਂਟ ਅਥਾਰਿਟੀ ਦੇ ਅਧਿਕਾਰ ਖੇਤਰ (ਜਿਲ੍ਹਾ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ)ਵਿਚ ਸਥਿਤ ਅਣ–ਅਧਿਕਾਰਤ ਮੈਰਿਜ ਪੈਲੇਸਾਂ ਦੇ ਮਾਲਕ ਜਿਨ੍ਹਾਂ ਨੇ ਆਪਣੇ ਮੈਰਿਜ਼ ਪੈਲੇਸ ਦੇ ਨਿਯਮਿਤ ਕਰਨ ਲਈ ਅਜੇ ਤੱਕ ਬਿਨੈ ਨਹੀ ਕੀਤਾ ਹੈ ਨੂੰ ਮਿਤੀ 30–06–2017 ਤੱਕ ਰੈਗੂਲਰ ਕਰਵਾਉਣ ਹਿਤ ਅਪਲਾਈ ਕਰਨ ਦਾ ਅੰਤਿਮ ਮੌਕਾ ਦਿੱਤਾ ਗਿਆ ਹੈ ।

ਜਿਨ੍ਹਾਂ ਮੌਜੂਦਾ ਮੈਰਿਜ ਪੈਲੇਸ ਮਾਲਕਾਂ ਵੱਲੋ ਇਸ ਪਾਲਿਸੀ ਅਧੀਨ ਆਪਣੇ ਮੈਰਿਜ ਪੈਲੇਸ ਰੈਗੂਲਰ ਨਹੀ ਕਰਵਾਏ ਜਾਣਗੇ ਉਨ੍ਹਾਂ ਵਿਰੁੱਧ ਸਰਕਾਰ ਵੱਲੋ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਵਧੇਰੇ ਜਾਣਕਾਰੀ ਲਈ ਲਈ ਇਹ ਪਾਲਿਸੀ ਪੁੱਡਾ ਦੀ website www.puda.gov.in ਤੇ ਦੇਖੀ ਜਾ ਸਕਦੀ ਹੈ ਅਤੇ ਟੈਲੀਫੋਨ ਨੰਬਰ 0175–5020561, 0175–2285499 ਤੇ ਵੀ ਜਾਣਕਾਰੀ ਲਈ ਜਾ ਸਕਦੀ ਹੈ ।

ਮਿਤੀ : 13-6-2017

ਸਥਾਨ : ਪਟਿਆਲਾ

ਦ: ਪ੍ਰਸਾਸ਼ਕ